# ਮੈੱਸ ਟੈਂਡਰ ਨੋਟਿਸ 2024-25

## ਬਾਬਾ ਅਜੀਤ ਸਿੰਘ (ਹੰਸਾਲੀ ਵਾਲੇ) ਹੋਸਟਲ ਪੰਜਾਬੀ ਯੂਨੀਵਰਸਿਟੀ, ਗੁਰੂ ਕਾਸ਼ੀ, ਤਲਵੰਡੀ ਸਾਬੋ (ਬਠਿੰਡਾ)

ਉਪਰੋਕਤ ਦਰਸਾਈ ਮੈੱਸ ਨੂੰ ਠੇਕੇ ਤੇ ਦੇਣ ਲਈ ਚਾਹਵਾਨ ਠੇਕੇਦਾਰਾਂ ਪਾਸੋਂ ਟੈਂਡਰਾਂ ਦੀ ਮੰਗ ਹੇਠਾਂ ਲਿਖੀਆਂ ਸ਼ਰਤਾਂ ਤੇ ਕੀਤੀ ਜਾਂਦੀ ਹੈ।

### ਸ਼ਰਤਾਂ

1. ਟੈਂਡਰ ਮਿਤੀ **08 ਜੁਲਾਈ 2024** ਨੂੰ ਸ਼ਾਮ **5.00** ਵਜੇ ਤੱਕ ਡਾਇਰੈਕਟਰ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ (ਬਠਿੰਡਾ) ਵਿਖੇ ਕੇਵਲ ਰਜਿਸਟਰਡ ਡਾਕ ਰਾਹੀਂ ਪ੍ਰਾਪਤ ਹੋ ਜਾਣੇ ਚਾਹੀਦੇ ਹਨ। ਟੈਂਡਰ ਇਸ ਦਫ਼ਤਰ ਵਿਖੇ ਮਿਤੀ **09 ਜੁਲਾਈ 2024** ਨੂੰ 11.00 ਵਜੇ ਖੋਲ੍ਹੇ ਜਾਣਗੇ।
2. ਟੈਂਡਰ ਅਪਲਾਈ ਕਰਨ ਵਾਲਾ ਵਿਅਕਤੀ ਪਿਛਲੇ ਦੋ ਸਾਲ ਦਾ ਮੈੱਸ ਕੰਟੀਨ ਚਲਾਉਣ ਦਾ ਤਜਰਬਾ ਰੱਖਦਾ ਹੋਵੇ। ਟੈਂਡਰ ਅਪਲਾਈ ਕਰਨ ਵਾਲੇ ਨੂੰ ਤਜਰਬੇ ਦਾ ਸਰਟੀਫਿਕੇਟ ਦੇਣਾ ਹੋਵੇਗਾ।
3. ਟੈਂਡਰ ਅਪਲਾਈ ਕਰਨ ਵਾਲੇ ਕੋਲ Food Safety and Standards Authority of India (FSSAI) ਵੱਲੋਂ ਜਾਰੀ ਕੀਤਾ ਗਿਆ ਲਾਇਸੈਂਸ ਹੋਣਾ ਚਾਹੀਦਾ ਹੈ।
4. ਟੈਂਡਰ ਪਾਸ ਹੋਣ ਦੀ ਸੂਰਤ ਵਿੱਚ ਵਿਅਕਤੀ ਨੂੰ 30,000 /- ਰੁ: ਵਾਪਸੀਯੋਗ ਸਕਿਓਰਿਟੀ ਵਜੋਂ ਜਮ੍ਹਾਂ ਕਰਵਾਏਗਾ ਜੋ ਕਿ ਵਾਰਡਨ ਬਾਬਾ ਅਜੀਤ ਸਿੰਘ (ਹੰਸਾਲੀ ਵਾਲੇ) ਹੋਸਟਲ ਦੇ ਹੋਸਟਲ ਮੈੱਸ ਸਕਿਓਰਿਟੀ ਖਾਤੇ ਵਿੱਚ ਜਮ੍ਹਾਂ ਹੋਵੇਗਾ। ਜਿਹੜਾ ਠੇਕੇਦਾਰ ਇਕਰਾਰਨਾਮੇ ਨੂੰ ਸਮੇਂ ਤੋਂ ਪਹਿਲਾਂ ਹੀ ਛੱਡ ਜਾਵੇਗਾ। ਉਸ ਦੀ ਸਕਿਓਰਿਟੀ ਜ਼ਬਤ ਕਰ ਲਈ ਜਾਵੇਗੀ।
5. ਮੈੱਸ ਦਾ ਠੇਕਾ ਇੱਕ ਸਾਲ ਬਾਅਦ ਨਵੇਂ ਟੈਂਡਰ ਮੰਗ ਕੇ ਰੀਨਿਊ ਕੀਤਾ ਜਾਵੇਗਾ।
6. ਜੇਕਰ ਮੈੱਸ ਦਾ ਕੋਈ ਵਾਦ-ਵਿਵਾਦ ਹੁੰਦਾ ਹੈ ਤਾਂ ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਡਾਇਰੈਕਟਰ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਹੋਣਗੇ। ਕੋਰਟ ਕੇਸ ਦੀ ਸੂਰਤ ਵਿੱਚ ਉਸਦਾ ਅਧਿਕਾਰ ਖੇਤਰ (Jurisdiction) ਬਠਿੰਡਾ ਹੋਵੇਗਾ।
7. ਮੈੱਸ ਠੇਕੇਦਾਰ ਨੂੰ ਸੀਨੀਅਰ ਵਾਰਡਨ/ਵਾਰਡਨ ਵਲੋਂ ਦਿੱਤੀ ਕਰਾਕਰੀ, ਭਾਂਡੇ ਤੇ ਹੋਰ ਰਸੋਈ ਦਾ ਸਾਮਾਨ ਠੇਕਾ ਖਤਮ ਹੋਣ ਉਪਰੰਤ ਟੁੱਟ-ਭੱਜ ਅਤੇ ਘਾਟੇ ਪੂਰੇ ਕਰਕੇ ਜਮ੍ਹਾਂ ਕਰਾਉਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸੀਨੀਅਰ ਵਾਰਡਨ/ਵਾਰਡਨ ਨੂੰ ਠੇਕੇਦਾਰ ਦੀ ਸਕਿਉਰਿਟੀ ਦੇ ਵਿਚੋਂ ਘਾਟਾ ਪੂਰਾ ਕਰਨ ਦਾ ਅਧਿਕਾਰ ਹੋਵੇਗਾ। ਜੇ ਇਸ ਸਕਿਉਰਟੀ ਨਾਲ ਘਾਟਾ ਪੂਰਾ ਨਹੀਂ ਹੁੰਦਾ ਤਾਂ ਬਾਕੀ ਦੀ ਰਾਸ਼ੀ ਮੈੱਸ ਠੇਕੇਦਾਰ ਵਾਰਡਨ ਪਾਸ ਜਮ੍ਹਾਂ ਕਰਵਾਏਗਾ।
8. ਮੈੱਸ ਠੇਕੇਦਾਰ ਮੈੱਸ/ਕੰਟੀਨ ਦੇ ਹਰ ਸਾਮਾਨ, ਫਰੀਜ਼ਰ, ਰਸੋਈ ਗੈਸ ਚੁੱਲੇ, ਪਰਦੇ, ਫਰਨੀਚਰ, ਗੀਜਰ, ਵਾਟਰ ਫਿਲਟਰ ਅਤੇ ਡੈਜ਼ਰਟ ਕੂਲਰ, ਮਾਈਕਰੋਵੇਵ ਓਵਨ, ਡੀਪ ਫਰੀਜਰ ਛੱਤ ਦੇ ਪੱਖੇ ਟਿਊਬ ਲਾਈਟ ਆਦਿ ਦੀ ਸੰਭਾਲ ਲਈ ਜ਼ਿੰਮੇਵਾਰ ਹੋਵੇਗਾ। ਜੇ ਇਹ ਸਾਮਾਨ ਖਰਾਬ ਹੁੰਦਾ ਹੈ ਤਾਂ ਉਸਦੀ ਮੁਰੰਮਤ ਦਾ ਖਰਚਾ ਠੇਕੇਦਾਰ ਦੇਵੇਗਾ ਅਤੇ ਬਿਜਲੀ ਦਾ ਬਿਲ ਖੁਦ ਭਰੇਗਾ। ਠੇਕੇਦਾਰ ਰਸੋਈ ਗੈਸ ਦੀ ਵਰਤੋਂ ਵਿਚ ਵਿਸ਼ੇਸ਼ ਸਾਵਧਾਨੀ ਵਰਤੇਗਾ। ਜੇਕਰ ਅਣਗਹਿਲੀ ਕਾਰਨ ਕੋਈ ਨੁਕਸਾਨ ਹੁੰਦਾ ਹੈ, ਤਾਂ ਉਹ ਯੂਨੀਵਰਸਿਟੀ ਨੂੰ ਹਰਜ਼ਾਨਾ ਦੇਣ ਦਾ ਜ਼ਿੰਮੇਵਾਰ ਹੋਵੇਗਾ।
9. ਮੈੱਸ ਠੇਕੇਦਾਰ ਕੇਵਲ ਅਜਿਹੇ ਹੋਸਟਲ ਵਸਨੀਕਾਂ ਨੂੰ ਨਾਸ਼ਤਾ, ਦੁਪਹਿਰ ਤੋਂ ਸ਼ਾਮ ਦਾ ਖਾਣਾ ਦੇਵੇਗਾ ਜਿਨ੍ਹਾਂ ਨੂੰ ਸੀਨੀਅਰ ਵਾਰਡਨ /ਵਾਰਡਨ ਵਲੋਂ ਹੋਸਟਲ ਵਿੱਚ ਕਮਰੇ ਅਲਾਟ ਕੀਤੇ ਹੋਣਗੇ।
10. ਮੈੱਸ ਠੇਕੇਦਾਰ ਸੀਨੀਅਰ ਵਾਰਡਨ/ਵਾਰਡਨ ਵਲੋਂ ਪ੍ਰਵਾਨਿਤ ਮੈੱਸ ਮੀਨੂ (ਪ੍ਰਵਾਨਿਤ ਮਾਤਰਾ ਸਮੇਤ) ਦੀ ਪੂਰੀ ਤਰ੍ਹਾਂ ਪਾਲਣਾ ਕਰੇਗਾ ਜੋ ਮੋਟੇ ਤੌਰ ਤੇ ਇਸ ਪ੍ਰਕਾਰ ਹੋਵੇਗਾ:-

    **ਦੁਪਹਿਰ ਦਾ ਖਾਣਾ** : ਦਹੀ 60 ਗ੍ਰਾਮ (ਸ਼ੁੱਧ ਦੁੱਧ ਤੋਂ ਤਿਆਰ ਕੀਤਾ ਹੋਇਆ, ਸਬਜ਼ੀਆਂ (ਰੁੱਤ ਅਨੁਸਾਰ) ਫੁਲਕੇ, ਚਾਵਲ (ਪਲਾਓ), ਚਟਨੀ, ਪਿਆਜ, ਮੂਲੀ ਵਗੈਰਾ (ਨਿੰਬੂ ਨਾਲ)।

    **ਰਾਤ ਦਾ ਖਾਣਾ** : ਦਾਲ, ਫੁਲਕਾ, ਸਲਾਦ (ਜਿਵੇਂ ਉਪਰ), ਪਨੀਰ 30 ਗ੍ਰਾਮ ਪ੍ਰਤੀ ਖਾਣਾ, ਮਟਰ, ਪਾਲਕ, ਹਰੀ ਸਬਜ਼ੀ ਅਤੇ ਮਿਲੀ-ਜੁਲੀ ਡਿਸ਼ ਕਸਟਰਡ ਅਤੇ ਖੀਰ ਨਾਲ ਵਾਰ ਵਾਰੀ (ਹਫ਼ਤੇ ਵਿੱਚ ਘੱਟੋ ਘੱਟ ਤਿੰਨ ਵਾਰ )

    **ਹਰ ਰੋਜ਼ ਦਾ ਮੀਨੂ ਅੰਤਿਕਾ-1 ਵਿੱਚ ਦਰਸਾਇਆ ਗਿਆ ਹੈ।**
11. ਮੈੱਸ ਦਾ ਸਾਮਾਨ ਸੀਨੀਅਰ ਵਾਰਡਨ/ਵਾਰਡਨ ਵਲੋਂ ਕਿਸੇ ਸਮੇਂ ਵੀ ਪੜਤਾਲਿਆ ਜਾ ਸਕਦਾ ਹੈ। ਹੋਸਟਲ ਵੈਲਫੇਅਰ ਕਮੇਟੀ ਖਾਣੇ ਸਬੰਧੀ ਸੀਨੀਅਰ ਵਾਰਡਨ/ਵਾਰਡਨ ਨੂੰ ਸ਼ਿਕਾਇਤ ਕਰ ਸਕਦੀ ਹੈ।
12. ਸੀਨੀਅਰ ਵਾਰਡਨ/ਵਾਰਡਨ ਘਟੀਆ ਸਾਮਾਨ/ਖਾਣੇ (ਡਾਈਟ) ਨੂੰ ਰੱਦ ਕਰਨ ਤੋਂ ਬਿਨਾਂ ਮੈੱਸ ਠੇਕੇਦਾਰ ਨੂੰ ਜੁਰਮਾਨਾ ਵੀ ਕਰ ਸਕਦਾ ਹੈ ਅਤੇ ਉਸ ਖਾਸ ਡਾਈਟ ਦਾ ਰੇਟ ਵੀ ਘਟਾ ਸਕਦਾ ਹੈ।

Manjit Kaur

Director
Punjabi University Guru Kashi Campus
Damdama Sahib (Talwandi Sabo)

Scanned with OKEN Scanner

13. ਮੈੱਸ ਠੇਕੇਦਾਰ ਰਸੋਈ, ਭਾਂਡੇ ਧੋਣ ਵਾਲੀ ਥਾਂ, ਵਾਸ਼-ਬੇਸਿਨ, ਖਾਣਾ ਪ੍ਰੋਸਣ ਵਾਲੀ ਥਾਂ, ਫਰਨੀਚਰ ਆਦਿ ਨੂੰ ਹਮੇਸ਼ਾ ਸੀਨੀਅਰ ਵਾਰਡਨ/ਵਾਰਡਨ ਦੀ ਤਸੱਲੀ ਅਨੁਸਾਰ ਸਾਫ਼ ਰੱਖੇਗਾ। ਜੇਕਰ ਉਹ ਫਿਰ ਵੀ ਸਫਾਈ ਨਹੀਂ ਰੱਖਦਾ ਤਾਂ ਉਸਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਵੀ ਰੱਦ ਕੀਤਾ ਜਾ ਸਕਦਾ ਹੈ।

14. ਮੈੱਸ ਠੇਕੇਦਾਰ ਲੜਕੀਆਂ ਦੇ ਹੋਸਟਲ ਵਿੱਚ ਵੱਧ ਤੋਂ ਵੱਧ 27/- ਰੁਪਏ ਪ੍ਰਤੀ ਡਾਈਟ ਅਤੇ ਵੱਧ ਤੋਂ ਵੱਧ 2400/- ਰੁਪਏ ਮਹੀਨਾ ਅਤੇ ਟੁੱਟ-ਭੱਜ (ਕੱਚ ਦੇ ਗਿਲਾਸ, ਕੱਪ ਤੇ ਕਰਾਕਰੀ ਆਦਿ) ਵਜੋਂ 10/- ਰੁਪਏ ਪ੍ਰਤੀ ਮਹੀਨਾ ਹਰ ਮੈੱਸ ਵਿਚ ਖਾਣਾ ਖਾਣ ਵਾਲੇ ਤੋਂ ਲੈਣ ਦਾ ਹੱਕਦਾਰ ਹੋਵੇਗਾ।

15. ਜਿਹੜੇ ਵਿਦਿਆਰਥੀ ਸਮੈਸਟਰ ਸ਼ੁਰੂ ਹੋਣ ਦੇ ਪਹਿਲੇ ਮਹੀਨੇ ਹੋਸਟਲ ਵਿੱਚ ਆਉਣ ਤੋਂ ਬਾਦ ਮਹੀਨੇ ਵਿੱਚ 10 ਜਾਂ 10 ਤੋਂ ਘੱਟ ਦਿਨ ਖਾਣਾ ਖਾਂਦੇ ਹਨ ਤਾਂ ਉਹ ਇਸ ਲਈ ਉੱਕਾ ਪੁੱਕਾ 1200/- ਰੁਪਏ ਦੇਣ ਲਈ ਪਾਬੰਦ ਹੋਣਗੇ ਅਤੇ ਜਿਹੜੇ ਵਿਦਿਆਰਥੀ ਇਸ ਤੋਂ ਵੱਧ ਦਿਨ ਖਾਣਾ ਖਾਂਦੇ ਹਨ ਉਹ ਪੂਰੇ ਮਹੀਨੇ ਦੇ ਪੈਸੇ 2400/- ਰੁਪਏ ਦੇਣ ਲਈ ਪਾਬੰਦ ਹੋਣਗੇ।

16. ਕਿਉਂਕਿ ਹੋਸਟਲ ਵਿੱਚ ਅਲੱਗ-ਅਲੱਗ ਵਿਭਾਗਾਂ ਦੇ ਵਿਦਿਆਰਥੀ ਰਹਿੰਦੇ ਹਨ, ਇਹਨਾਂ ਦੇ ਫਾਇਨਲ ਪ੍ਰੀਖਿਆਂ ਦੀ ਡੇਟਸ਼ੀਟ ਵੀ ਯੂਨੀਵਰਸਿਟੀ ਵੱਲੋਂ ਅਲੱਗ-ਅਲੱਗ ਹੀ ਆਉਂਦੀ ਹੈ ਜਿਹੜੇ ਮਹੀਨੇ ਵਿੱਚ ਵਿਦਿਆਰਥੀਆਂ ਦੀ ਸਮੈਸਟਰ ਦੀ ਫਾਈਨਲ ਪ੍ਰੀਖਿਆ ਹੁੰਦੀ ਹੈ ਅਤੇ ਹਰੇਕ ਵਿਦਿਆਰਥੀ ਆਪਣੇ ਆਖਰੀ ਪੇਪਰ ਦੇ ਹਿਸਾਬ ਨਾਲ ਹੋਸਟਲ ਵਿੱਚੋਂ ਜਾਂਦਾ ਹੈ, ਜੇਕਰ ਉਹ ਆਖਰੀ ਪੇਪਰ ਹੋਣ ਤੱਕ ਘੱਟ ਦਿਨ ਖਾਣਾ ਖਾਂਦਾ ਹੈ ਤਾਂ ਉਹ 130/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮੈੱਸ ਬਿੱਲ ਦੇਣ ਦਾ ਪਾਬੰਦ ਹੋਵੇਗਾ। ਜੇ ਉਹ ਚਾਹਵੇ ਤਾਂ ਉਹ ਲੜੀ ਨੰ. 15 ਦੇ ਮਾਪਦੰਡ ਅਨੁਸਾਰ ਵੀ ਮੈੱਸ ਬਿੱਲ ਦੇ ਸਕਦਾ ਹੈ।

17. ਅਕਾਦਮਿਕ ਸ਼ੈਸ਼ਨ ਦੇ ਸ਼ੁਰੂ ਵਿੱਚ ਜਿਹੜੇ ਵਿਦਿਆਰਥੀ ਦਾਖਲਾ ਲੈਂਦੇ ਹਨ ਉਹ ਵੀ ਆਪਣਾ ਮੈੱਸ ਬਿੱਲ 130/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜਾਂ ਲੜੀ ਨੰ.15 ਦੇ ਮਾਪਦੰਡ ਅਨੁਸਾਰ ਭਰ ਸਕਦੇ ਹਨ।

18. ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਯੂਨੀਵਰਸਿਟੀ ਵੱਲੋਂ ਜਾਂ ਵਿਭਾਗ ਵੱਲੋਂ ਸਮੈਸਟਰ ਮਹੀਨੇ ਦੀ 1 ਤਰੀਕ ਦੀ ਬਜਾਏ ਕਿਸੇ ਹੋਰ ਤਰੀਕ ਨੂੰ ਸ਼ੁਰੂ ਹੁੰਦਾ ਹੈ, ਉਹਨਾਂ ਹਾਲਾਤਾਂ ਵਿੱਚ ਵੀ ਵਿਦਿਆਰਥੀ 130/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜਾਂ ਲੜੀ ਨੰ.15 ਦੇ ਮਾਪਦੰਡ ਅਨੁਸਾਰ ਮੈੱਸ ਬਿੱਲ ਦੇ ਸਕਦੇ ਹਨ।

19. ਬਾਕੀ ਸਮੈਸਟਰ ਦੌਰਾਨ ਹਰੇਕ ਮਹੀਨੇ ਹਰੇਕ ਵਿਦਿਆਰਥੀ ਵੱਧ ਤੋਂ ਵੱਧ 2400/- ਰੁਪਏ ਮਹੀਨਾ ਮੈੱਸ ਬਿੱਲ ਦੇਣ ਲਈ ਪਾਬੰਦ ਹੋਵੇਗਾ।

20. ਜਿਨ੍ਹਾਂ ਵਿਦਿਆਰਥੀਆਂ/ਵਿਅਕਤੀਆਂ ਨੂੰ ਹੋਸਟਲ ਵਿਚ ਕਮਰੇ ਅਲਾਟ ਨਹੀਂ ਕੀਤੇ ਗਏ, ਉਨਾਂ ਨੂੰ ਸੀਨੀਅਰ ਵਾਰਡਨ/ਵਾਰਡਨ ਦੀ ਵਿਸ਼ੇਸ਼ ਆਗਿਆ ਨਾਲ ਹੀ ਮੈੱਸ ਠੇਕੇਦਾਰ ਵੱਲੋਂ ਖਾਣਾ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ/ਵਿਅਕਤੀ 50/- ਪ੍ਰਤੀ ਡਾਇਟ ਦੀ ਦਰ ਨਾਲ ਅਦਾਇਗੀ ਕਰਨਗੇ।

21. ਠੇਕੇਦਾਰ ਵੱਲੋਂ ਮੈੱਸ ਲਈ ਖਰੀਦੇ ਜਾਣ ਵਾਲੇ ਸਾਮਾਨ ਦੇ ਬਿੱਲਾਂ ਦਾ ਲੇਖਾ-ਜੋਖਾ ਤੇ ਅਦਾਇਗੀ ਸਬੰਧੀ ਸਾਰੀ ਕਾਰਵਾਈ ਉਹ ਆਪਣੇ ਪੱਧਰ ਤੇ ਕਰਨਗੇ। ਇਸ ਨਾਲ ਦਫਤਰ ਦਾ ਕੋਈ ਵੀ ਸਬੰਧ ਨਹੀਂ ਹੋਵੇਗਾ। ਸਬੰਧਤ ਫਰਮਾਂ ਨੂੰ ਬਿਲਾਂ ਦੀ ਅਦਾਇਗੀ ਸਬੰਧੀ ਲੈਣ-ਦੇਣ ਦੀ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਆਪਣੀ ਹੋਵੇਗੀ।

22. ਮੈੱਸ ਦੇ ਖੁੱਲ੍ਹਣ ਬੰਦ ਹੋਣ ਦਾ ਸਮਾਂ ਸੀਨੀਅਰ ਵਾਰਡਨ/ਵਾਰਡਨ ਵਲੋਂ ਹੀ ਨਿਸ਼ਚਿਤ ਕੀਤਾ ਜਾਵੇਗਾ।

23. ਮੈੱਸ ਠੇਕੇਦਾਰ ਦਾ ਕੰਮਕਾਜ/ਵਿਹਾਰ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਸੀਨੀਅਰ ਵਾਰਡਨ/ਵਾਰਡਨ ਨੂੰ ਕਿਸੇ ਸਮੇਂ ਵੀ ਇਹ ਇਕਰਾਰਨਾਮਾ ਰੱਦ ਕਰਨ ਦਾ ਅਧਿਕਾਰ ਹੋਵੇਗਾ।

24. ਮੈੱਸ ਠੇਕੇਦਾਰ ਹੋਸਟਲ ਵਸਨੀਕਾਂ ਨੂੰ ਖਾਣਾ/ਚਾਹ ਆਦਿ ਦੇਣ ਲਈ ਘੱਟੋ-ਘੱਟ 10 ਮੈੱਸ ਵਰਕਰ ਅਤੇ ਮੈੱਸ ਦੀ ਸਫਾਈ ਲਈ ਇਕ ਸਫਾਈ ਕਰਮਚਾਰੀ ਰੱਖੇਗਾ। ਮੈੱਸ ਵਰਕਰਾਂ ਦੇ ਚਾਲ ਚਲਣ ਬਾਰੇ ਮੈੱਸ ਠੇਕੇਦਾਰ ਆਪ ਜ਼ਿੰਮੇਵਾਰ ਹੋਵੇਗਾ।

25. ਮੈੱਸ ਠੇਕੇਦਾਰ ਸਾਰੇ ਮੈੱਸ ਸੇਵਾਦਾਰਾਂ ਦੀਆਂ ਫੋਟੋਆਂ, ਉਹਨਾਂ ਦੇ ਪੂਰੇ ਪਤੇ ਹੋਸਟਲ ਦੇ ਦਫਤਰ ਨੂੰ ਪੁਲਿਸ ਜਾਂਚ ਲਈ ਦੇਵੇਗਾ।

26. ਭਰਤੀ ਸਮੇਂ ਮੈੱਸ ਸੇਵਾਦਾਰਾਂ ਦੀ ਡਾਕਟਰੀ ਜਾਂਚ ਕਰਵਾਈ ਜਾਵੇਗੀ। ਠੇਕੇ ਦੇ ਸਾਲ ਦੌਰਾਨ ਕਿਸੇ ਵਰਕਰ ਦੇ ਛੱਡ ਜਾਣ ਤੇ ਨਵੇਂ ਮੈੱਸ ਵਰਕਰ ਦੀ ਭਰਤੀ ਵੀ ਇਹਨਾਂ ਸ਼ਰਤਾਂ ਤੇ ਹੀ ਹੋਵੇਗੀ।

27. ਹਰ ਮਹੀਨੇ ਕਰਾਕਰੀ, ਭਾਂਡਿਆਂ, ਰਸੋਈ ਦੇ ਸਮਾਨ ਅਤੇ ਮੈੱਸ ਸੇਵਾਦਾਰਾਂ ਆਦਿ ਦੀ ਜਾਂਚ ਸੀਨੀਅਰ ਵਾਰਡਨ/ਵਾਰਡਨ ਵੱਲੋਂ ਕੀਤੀ ਜਾ ਸਕਦੀ ਹੈ।

28. ਭਾਂਡਿਆਂ/ਕਰਾਕਰੀ ਦੇ ਟੁੱਟ-ਭੱਜ ਦੀ ਬਦਲ ਖਰੀਦਣ ਲਈ ਵਿਦਿਆਰਥੀਆਂ ਤੋਂ ਵਸੂਲੀ ਗਈ ਰਕਮ ਵਿਚੋਂ ਢੁਕਵੀਂ ਰਾਸ਼ੀ ਸੀਨੀਅਰ ਵਾਰਡਨ/ਵਾਰਡਨ ਦੀ ਸਹਿਮਤੀ ਨਾਲ ਵਰਤੀ ਜਾਵੇਗੀ।

29. ਮੈਸ ਠੇਕੇਦਾਰ ਭਾਂਡਿਆਂ ਨੂੰ ਹਰ ਤੀਜੇ ਮਹੀਨੇ ਕਲੀ ਕਰਵਾਏਗਾ (ਜਿੱਥੇ ਲਾਗੂ ਹੋਵੇ)।

30. ਮੈੱਸ ਠੇਕੇਦਾਰ ਅਜਿਹੇ ਹੋਸਟਲ ਵਸਨੀਕਾਂ ਦੀ ਮੈੱਸ ਤੇ ਕੰਟੀਨ ਸੇਵਾਵਾਂ ਤੁਰੰਤ ਬੰਦ ਕਰੇਗਾ ਜਿਨ੍ਹਾਂ ਦਾ ਬਿੱਲ 3,000/- ਰੁਪਏ ਤੱਕ ਹੋ ਜਾਵੇ ਅਤੇ ਇਸ ਦੀ ਲਿਖਤੀ ਸੂਚਨਾ ਸੀਨੀਅਰ ਵਾਰਡਨ/ਵਾਰਡਨ ਨੂੰ ਦੇਣ ਲਈ ਪਾਬੰਦ ਹੋਵੇਗਾ।

31. ਮੈੱਸ ਠੇਕੇਦਾਰ ਹਰ ਤਿੰਨ ਦਿਨਾਂ ਉਪਰੰਤ ਡਾਈਟਾਂ ਦਾ ਲੇਖਾ ਸੂਚਨਾ ਬੋਰਡ ਤੇ ਲਾਵੇਗਾ।

Manjit Kaur

Director
Punjabi University Guru Kashi Campus
Damdama Sahib (Talwandi Sabo)

Scanned with OKEN Scanner

32. ਮੈੱਸ ਠੇਕੇਦਾਰ ਅਤੇ ਉਸ ਦੇ ਕਰਮਚਾਰੀਆਂ ਉਪਰ ਹੋਸਟਲ ਅੰਦਰ ਕਿਸੇ ਕਿਸਮ ਦਾ ਨਸ਼ਾ ਜਿਵੇਂ ਸਰਾਬ, ਤੰਬਾਕੂ ਆਦਿ ਦੀ ਵਰਤੋਂ ਕਰਨ ਅਤੇ ਰੱਖਣ ਦੀ ਮਨਾਹੀ ਹੋਵੇਗੀ।
33. ਮੈੱਸ ਵਿੱਚ ਵਰਤੋਂ ਲਈ ਡਾਤਨ/ਤੋਲੀਆ ਧੁਲਾਈ ਮੈੱਸ ਠੇਕੇਦਾਰ ਆਪਣੇ ਪੱਧਰ ਤੇ ਕਰੇਗਾ।
34. ਮੈੱਸ ਠੇਕੇਦਾਰ ਅਤੇ ਕਰਮਚਾਰੀਆਂ ਦੇ ਮਹਿਮਾਨਾਂ ਨੂੰ ਹੋਸਟਲ ਅੰਦਰ ਆਉਣ ਦੀ ਆਗਿਆ ਨਹੀਂ ਹੋਵੇਗੀ।
35. ਮੈੱਸ ਦੇ ਨਿਤਾ ਪ੍ਰਤੀ ਕੰਮ-ਕਾਜ ਅਤੇ ਪ੍ਰਬੰਧ ਬਾਰੇ ਹੋਸਟਲ ਅਧਿਕਾਰੀਆਂ ਵਲੋਂ ਸਮੇਂ-ਸਮੇਂ ਬਣਾਏ ਜਾਣ ਵਾਲੇ ਨਿਯਮਾਂ ਦੀ ਠੇਕੇਦਾਰ ਪਾਲਣਾ ਕਰੇਗਾ।
36. ਠੇਕੇਦਾਰ ਮੈੱਸ ਕਰਮਚਾਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨਗੇ।
37. ਮੈੱਸ ਠੇਕੇਦਾਰ ਦੋ ਤੋਂ ਵੱਧ ਮੈੱਸ ਕੰਟੀਨਾਂ ਲਈ ਅਪਲਾਈ ਨਹੀਂ ਕਰ ਸਕਦਾ।
38. ਮੈੱਸ ਦੇ ਇੰਤਜਾਮ ਵਿੱਚ ਕਿਸੇ ਵੀ ਗੰਭੀਰ ਊਣਤਾਈ ਦੀ ਸੂਰਤ ਵਿਚ ਮੈੱਸ ਠੇਕੇਦਾਰ ਨੂੰ 25000/- ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਠੇਕਾ ਵੀ ਰੱਦ ਕੀਤਾ ਜਾ ਸਕਦਾ ਹੈ।
39. ਉਪਰੋਕਤ ਸ਼ਰਤਾਂ ਦੀ ਵਿਆਖਿਆ ਬਾਰੇ ਸ਼ੰਕਾ ਹੋਣ ਦੀ ਸੂਰਤ ਵਿਚ ਡਾਇਰੈਕਟਰ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦਾ ਨਿਰਣਾ ਅੰਤਿਮ ਹੋਵੇਗਾ।

**ਵਿਸ਼ੇਸ਼ ਧਿਆਨ ਯੋਗ:- ਬਜ਼ਾਰ ਵਿਚ ਉਪਲਬਧ ਵਧੀਆ ਕਿਸਮ ਦੀ ਦਾਲ, ਬਨਸਪਤੀ ਘੀ, ਦੁੱਧ, ਆਟਾ, ਚਾਵਲ, ਮਸਾਲ ਚਾਹਪੱਤੀ ਅਤੇ ਤਾਜ਼ੀਆਂ ਸਬਜ਼ੀਆਂ /ਫਲ ਮੈੱਸ ਵਿੱਚ ਵਰਤੀਆਂ ਜਾਣਗੀਆਂ।**

Manjit Kaur

Director
Punjabi University Guru Kashi Campus
Damdama Sahib (Talwandi Sabo)

Scanned with OKEN Scanner

## ਮੈੱਸ ਮੀਨੂ

**(ਅੰਤਿਕਾ-1)**

| ਦਿਨ | ਸਵੇਰ ਦਾ ਖਾਣਾ | ਦੁਪਹਿਰ ਦਾ ਖਾਣਾ | ਰਾਤ ਦਾ ਖਾਣਾ |
|---|---|---|---|
| ਸੋਮਵਾਰ | ਆਲੂ ਪਰੌਠੇ + ਦਹੀ ਜਾਂ ਮੱਖਣ + ਚਾਹ + ਅਚਾਰ | ਰਾਜਮਾਂਹ + ਜੀਰਾ ਚਾਵਲ +ਰਾਇਤਾ + ਰੋਟੀਆਂ + ਸਲਾਦ | ਹਰੀ ਸਬਜੀ + ਛੋਲੇ ਦੀ ਦਾਲ+ ਚਾਵਲ + ਰੋਟੀਆਂ + ਸਲਾਦ |
| ਮੰਗਲਵਾਰ | ਆਲੂ ਪਰੌਠੇ + ਦਹੀ ਜਾਂ ਮੱਖਣ + ਚਾਹ + ਅਚਾਰ | ਚਿੱਟੇ ਛੋਲੇ + ਚੌਲ+ ਰਾਇਤਾ +ਰੋਟੀਆਂ + ਸਲਾਦ | ਹਰੀ ਸਬਜੀ + ਸਾਬਤ ਮੂੰਗੀ + ਚਾਵਲ+ ਰੋਟੀਆਂ + ਸੇਵੀਆਂ (ਮਿੱਠਾ) +ਸਲਾਦ |
| ਬੁੱਧਵਾਰ | ਪਲੇਨ ਪਰੌਠੇ + ਦਹੀ ਜਾਂ ਮੱਖਣ + ਚਾਹ + ਅਚਾਰ | ਮਟਰ ਪਨੀਰ + ਚੌਲ+ ਰਾਇਤਾ +ਰੋਟੀਆਂ+ ਸਲਾਦ | ਮਿਕਸ ਸਬਜੀ + ਹਰੀ ਸਾਬਤ ਮਸਰ + ਚਾਵਲ + ਰੋਟੀਆਂ + ਸਲਾਦ |
| ਵੀਰਵਾਰ | ਛੋਲੇ ਭਟੂਰੇ +ਚਾਹ | ਕੜੀ ਪਕੌੜਾ + ਚੌਲ+ ਰਾਇਤਾ +ਰੋਟੀਆਂ+ਜੀਰਾ ਆਲੂ+ਸਲਾਦ | ਹਰੀ ਸਬਜੀ + ਚਨਾ ਉੂਰਦ ਦਾਲ +ਚਾਵਲ + ਰੋਟੀਆਂ + ਖੀਰ (ਮਿੱਠਾ)+ ਸਲਾਦ |
| ਸ਼ੁੱਕਰਵਾਰ | ਆਲੂ ਪਰੌਠੇ + ਦਹੀ ਜਾਂ ਮੱਖਣ + ਚਾਹ + ਅਚਾਰ | ਆਲੂ ਮਟਰ + ਫਰਾਈ ਚੌਲ + ਰਾਇਤਾ +ਰੋਟੀਆਂ+ ਸਲਾਦ | ਹਰੀ ਸਬਜੀ + ਮੂੰਗੀ ਤੇ ਮਸਰ ਦੀ ਦਾਲ+ ਚਾਵਲ + ਰੋਟੀਆਂ+ਸਲਾਦ |
| ਸ਼ਨੀਵਾਰ | ਮਿਕਸ ਪਰੌਠੇ + ਦਹੀ ਜਾਂ ਮੱਖਣ + ਚਾਹ + ਅਚਾਰ | ਕਾਲੇ ਛੋਲੇ + ਮਟਰ ਚੌਲ + ਦਹੀ + ਰੋਟੀਆਂ+ ਸਲਾਦ | ਮਿਕਸ ਦਾਲ +ਡਰਾਈ ਆਲੂ ਮਟਰ+ ਰੋਟੀਆਂ + ਸਲਾਦ |
| ਐਤਵਾਰ | ਪਲੇਨ ਪਰੌਠੇ + ਦਹੀ ਜਾਂ ਮੱਖਣ + ਚਾਹ + ਅਚਾਰ | ਛੋਲੇ ਪਨੀਰ + ਫਰਾਈ ਚੌਲ + ਰਾਇਤਾ +ਰੋਟੀਆਂ+ ਸਲਾਦ | ਦਾਲ ਮਖਨੀ + ਮਿਕਸ ਸਬਜੀ + ਚਾਵਲ + ਰੋਟੀਆ + ਹਲਵਾ + ਸਲਾਦ |

Manjit Kaur

27/6/24

Director ਡਾਇਰੈਕਟਰ
Punjabi University Guru Kashi Campus
Damdama Sahib (Talwandi Sabo)

Scanned with OKEN Scanner